'ਅਜੀਤ' 'ਚ
ਈਅਰ ਪੈਨਲ*
*ਥੋੜ੍ਹੇ ਪੈਸੇ
ਜ਼ਿਆਦਾ ਪ੍ਰਚਾਰ
ਬੁਕਿੰਗ ਲਈ ਸੰਪਰਕ ਕਰੋ:
ਮੈਨੇਜਰ ਇਸ਼ਤਿਹਾਰ
ਅਜੀਤ ਪ੍ਰਕਾਸ਼ਨ ਸਮੂਹ
ਨਹਿਰੂ ਗਾਰਡਨ ਰੋਡ, ਜਲੰਧਰ
ਫ਼ੋਨ : 0181-2455961-62-63,
ਫੈਕਸ : 2455960

ਪੰਜਾਬ ਦੀ ਆਵਾਜ਼

# ਅਜੀਤ ®©

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ, ਸ਼ੁੱਕਰਵਾਰ, 28 ਨਵੰਬਰ, 2025 (Friday, 28 November, 2025) 13 ਮੱਘਰ ਨਾਨਕਸ਼ਾਹੀ ਸੰਮਤ 557 (ਸਫ਼ੇ : 14) ਮੁੱਲ : 5.00 ਰੁਪਏ (Price ₹. 5.00)
AJIT (DAILY), JALANDHAR, TRADEMARK AND COPYRIGHT SADHU SINGH HAMDARD TRUST, 2025. ALL RIGHTS RESERVED. ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ

ਪੰਜਾਬੀਆਂ ਦੀ ਧੜਕਣ
ਪੰਜਾਬ ਦੀ ਆਵਾਜ਼
ਰੋਜ਼ਾਨਾ ਪੜ੍ਹੋ:
ਅਜੀਤ
ਵਧੇਰੇ ਜਾਣਕਾਰੀ ਅਤੇ ਘਰ ਅਖ਼ਬਾਰ ਲਗਵਾਉਣ ਲਈ ਸੰਪਰਕ ਕਰੋ:
ਏਜੰਸੀ ਮੈਨੇਜਰ
ਅਜੀਤ ਭਵਨ, ਨਹਿਰੂ ਗਾਰਡਨ ਰੋਡ, ਜਲੰਧਰ।
ਫ਼ੋਨ: 0181-2455961-63 ਫੈਕਸ: 2455960

ਪੋਸਟਲ ਰਜਿ: ਨੰ: PB/JL-138/2024-26 | ਜਿਲਦ 70, ਅੰਕ 328 Vol. 70, No. 328 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960



ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਖ਼ੁਸ਼ੀ ਪ੍ਰਗਟ ਕਰਦੇ ਹੋਏ ਵਿਦਿਆਰਥੀ। ਤਸਵੀਰ : ਗੁਰਿੰਦਰ ਸਿੰਘ

## ਉਪ ਰਾਸ਼ਟਰਪਤੀ ਨੇ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਨੂੰ ਦਿੱਤੀ ਮਨਜ਼ੂਰੀ

### • ਸਤੰਬਰ-ਅਕਤੂਬਰ 'ਚ ਹੋਣਗੀਆਂ ਚੋਣਾਂ • 4 ਸਾਲ ਦਾ ਹੋਵੇਗਾ ਕਾਰਜਕਾਲ

ਉਪਮਾ ਡਾਗਾ ਪਾਰਥ/ਮਾਰਕੰਡਾ

ਨਵੀਂ ਦਿੱਲੀ/ਚੰਡੀਗੜ੍ਹ, 27 ਨਵੰਬਰ-ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਲੰਬੇ ਰੋਸ ਪ੍ਰਦਰਸ਼ਨ ਤੋਂ ਬਾਅਦ ਵੀਰਵਾਰ ਨੂੰ ਉਪ-ਰਾਸ਼ਟਰਪਤੀ, ਜੋ ਕਿ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਨੇ ਯੂਨੀਵਰਸਿਟੀ 'ਚ ਸੈਨੇਟ ਚੋਣਾਂ ਕਰਵਾਉਣ ਦੇ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਪ ਰਾਸ਼ਟਰਪਤੀ ਸਕੱਤਰੇਤ ਵਲੋਂ ਜਾਰੀ ਨੋਟਿਸ ਮੁਤਾਬਿਕ ਪੰਜਾਬ ਯੂਨੀਵਰਸਿਟੀ 'ਚ ਸੈਨੇਟ ਚੋਣਾਂ ਸਤੰਬਰ-ਅਕਤੂਬਰ 2026 'ਚ ਕਰਵਾਈਆਂ ਜਾਣਗੀਆਂ। ਉਪ-ਰਾਸ਼ਟਰਪਤੀ ਵਲੋਂ ਪੰਜਾਬ ਯੂਨੀਵਰਸਿਟੀ ਲਈ ਸੈਨੇਟ ਚੋਣਾਂ ਦਾ ਐਲਾਨ ਉਸ ਵੇਲੇ ਕੀਤਾ ਗਿਆ ਹੈ ਜਦੋਂ ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਵਲੋਂ ਭਾਜਪਾ ਆਗੂਆਂ ਰਵਨੀਤ ਸਿੰਘ ਬਿੱਟੂ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੂੰ 2 ਦਸੰਬਰ ਦਾ ਅਲਟੀਮੇਟਮ ਦਿੰਦਿਆਂ ਕਿਹਾ ਗਿਆ ਸੀ ਕਿ ਜੇਕਰ ਪੁਰਾਣੀ 91 ਮੈਂਬਰੀ ਸੈਨੇਟ ਚੋਣਾਂ ਦਾ ਵੇਰਵਾ 2 ਦਸੰਬਰ ਤੱਕ ਜਾਰੀ ਨਾ ਕੀਤਾ ਗਿਆ ਤਾਂ 3 ਦਸੰਬਰ ਨੂੰ ਪੰਜਾਬ ਅਤੇ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰਾਂ ਦੇ ਘਿਰਾਓ ਕੀਤੇ ਜਾਣਗੇ। ਦੱਸਦੇ ਚਲੀਏ ਕਿ ਪੰਜ ਦਿਨ ਪਹਿਲਾਂ ਹੀ ਯੂਨੀਵਰਸਿਟੀ ਦੇ ਰਜਿਸਟਰਾਰ ਅਤੇ ਵਾਈਸ ਚਾਂਸਲਰ ਦੇ ਸਕੱਤਰ ਨੇ ਵੀ ਚਾਂਸਲਰ ਨਾਲ ਮੁਲਾਕਾਤ ਕੀਤੀ ਸੀ। ਚਾਂਸਲਰ ਭਾਵ ਉਪ-ਰਾਸ਼ਟਰਪਤੀ ਵਲੋਂ ਮਨਜ਼ੂਰ ਕੀਤੇ ਗਏ ਪ੍ਰਸਤਾਵ ਮੁਤਾਬਿਕ ਆਰਡੀਨਰੀ ਫੈਲੋ ਵੱਖ-ਵੱਖ ਖੇਤਰਾਂ 'ਚੋਂ ਚੁਣੇ ਜਾਣਗੇ ਜਿਨ੍ਹਾਂ 'ਚ ਰਜਿਸਟਰਡ ਗ੍ਰੈਜੂਏਟ, ਯੂਨੀਵਰਸਿਟੀ ਦੇ ਟੀਚਿੰਗ ਵਿਭਾਗ ਦੇ ਪ੍ਰੋਫ਼ੈਸਰ, ਐਸੋਸੀਏਟ ਅਤੇ ਸਹਾਇਕ ਪ੍ਰੋਫ਼ੈਸਰ, ਟੈਕਨੀਕਲ ਅਤੇ ਪ੍ਰੋਫ਼ੈਸ਼ਨਲ ਕਾਲਜਾਂ ਦੇ ਪ੍ਰਿੰਸੀਪਲ ਅਤੇ ਸਟਾਫ਼, ਐਫੀਲੀਏਟਿਡ ਆਰਟਸ ਕਾਲਜਾਂ

(ਬਾਕੀ ਸਫ਼ਾ 2 ਕਾਲਮ 1)

### ਵਿਦਿਆਰਥੀਆਂ ਦੇ 25 ਦਿਨਾ ਸੰਘਰਸ਼ ਨੂੰ ਪਿਆ ਬੂਰ

'ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ' ਨੂੰ 25 ਦਿਨਾਂ ਦੇ ਸੰਘਰਸ਼ ਦੀ ਜਿੱਤ ਉਸ ਵੇਲੇ ਮਿਲੀ ਜਦੋਂ ਪੰਜਾਬ ਯੂਨੀਵਰਸਿਟੀ ਦੇ ਕੁਲਪਤੀ ਅਤੇ ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਉਪ ਕੁਲਪਤੀ ਪ੍ਰੋ.ਰੇਣੂ ਵਿਗ ਦੁਆਰਾ ਸੈਨੇਟ ਚੋਣਾਂ ਦੀਆਂ ਤਾਰੀਖ਼ਾਂ ਨੂੰ ਮਨਜ਼ੂਰੀ ਦੇਣ ਲਈ ਇਕ ਨੋਟੀਫ਼ਿਕੇਸ਼ਨ 9 ਨਵੰਬਰ ਨੂੰ ਭੇਜਿਆ ਸੀ, ਜਿਸ ਨੂੰ ਅੱਜ ਮਨਜ਼ੂਰੀ ਦੇ ਦਿੱਤੀ ਗਈ। ਇਹ ਚੋਣਾਂ ਅਗਲੇ ਸਾਲ 9 ਸਤੰਬਰ ਤੋਂ ਲੈ ਕੇ 4 ਅਕਤੂਬਰ,

(ਬਾਕੀ ਸਫ਼ਾ 2 ਕਾਲਮ 2)

## ਕੇਂਦਰ ਵਲੋਂ ਹੜ੍ਹ ਰਾਹਤ ਫ਼ੰਡ ਲਈ ਪੰਜਾਬ ਨੂੰ 480 ਕਰੋੜ ਜਾਰੀ-ਚੌਹਾਨ

### ਮਨਰੇਗਾ ਫ਼ੰਡਾਂ 'ਚ ਹੋਏ ਫਰਜ਼ੀਵਾੜੇ ਦੀ ਜਾਂਚ ਕਰੇਗਾ ਕੇਂਦਰ

ਜਲੰਧਰ/ਮੋਗਾ, 27 ਨਵੰਬਰ (ਜਸਪਾਲ ਸਿੰਘ, ਸੁਰਿੰਦਰਪਾਲ ਸਿੰਘ)-ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦਾਅਵਾ ਕੀਤਾ ਹੈ ਕਿ ਸੂਬੇ 'ਚ ਪਿਛਲੇ ਦਿਨੀਂ ਆਏ ਭਿਆਨਕ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਵਲੋਂ ਐਲਾਨੀ 1600 ਕਰੋੜ ਰੁਪਏ ਦੀ ਰਾਸ਼ੀ ਵਿਚੋਂ ਪੰਜਾਬ ਨੂੰ 480 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਤੇ ਰਹਿੰਦੀ ਰਾਸ਼ੀ ਵੀ ਪੰਜਾਬ ਸਰਕਾਰ ਵਲੋਂ ਵਰਤੋਂ ਸਰਟੀਫਿਕੇਟ (ਯੂ.ਸੀ.) ਮਿਲਣ 'ਤੇ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਅੱਜ ਇਥੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ ਵਿਖੇ ਵੱਖ-ਵੱਖ ਪੇਂਡੂ ਵਿਕਾਸ ਸਕੀਮਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਨਾ ਕੇਵਲ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹੜ੍ਹ ਰਾਹਤ ਫ਼ੰਡ ਜਾਰੀ ਕੀਤੇ ਗਏ ਹਨ, ਬਲਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗਰੀਬਾਂ ਨੂੰ ਪੱਕੇ ਮਕਾਨ ਬਣਾ ਕੇ ਦੇਣ ਤੇ ਪੇਂਡੂ ਵਿਕਾਸ

(ਬਾਕੀ ਸਫ਼ਾ 2 ਕਾਲਮ 1)



ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਪਿੰਡ ਰਣਸੀਂਹ ਕਲਾਂ ਵਿਖੇ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਦਾ ਆਨੰਦ ਮਾਣਦੇ ਹੋਏ। ਤਸਵੀਰ : ਜਸਪਾਲ ਸਿੰਘ ਬੱਬੀ

### ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ 85 ਫ਼ੀਸਦੀ ਕਮੀ ਆਈ

ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਹੈ ਕਿ ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ 'ਚ ਇਸ ਵਾਰ 85 ਫ਼ੀਸਦੀ ਦੀ ਕਮੀ ਆਈ ਹੈ ਤੇ ਇਕ ਤਰ੍ਹਾਂ ਨਾਲ ਪੰਜਾਬ ਦੇ ਕਿਸਾਨਾਂ ਨੇ ਸਮੁੱਚੇ ਦੇਸ਼ ਨੂੰ ਇਕ ਨਵੀਂ ਰਾਹ ਦਿਖਾਈ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੰਜਾਬ 'ਚ ਵੱਡੀ ਗਿਣਤੀ ਕਿਸਾਨਾਂ ਨੇ ਪਰਾਲੀ ਨੂੰ ਖੇਤਾਂ 'ਚ ਹੀ ਮਿਲਾਉਣ ਨੂੰ ਪਹਿਲ ਦਿੱਤੀ ਹੈ ਤੇ ਪਰਾਲੀ ਨੂੰ ਖੇਤਾਂ 'ਚ ਮਿਲਾਉਣ ਨਾਲ ਜਿੱਥੇ ਖਾਦਾਂ ਦੀ ਘੱਟ ਵਰਤੋਂ ਕਰਨੀ ਪੈਂਦੀ ਹੈ, ਉਥੇ ਧਰਤੀ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨਾ ਸਾੜ ਕੇ ਸੂਬੇ ਦੇ ਕਿਸਾਨਾਂ ਨੇ ਵਾਤਾਵਰਨ ਦੀ ਸਾਂਭ-ਸੰਭਾਲ 'ਚ ਵੀ ਅਹਿਮ ਯੋਗਦਾਨ ਪਾਇਆ ਤੇ ਖ਼ਾਸ ਕਰਕੇ ਇਸ ਨਾਲ ਪਾਣੀ ਤੇ ਡੀਜ਼ਲ ਦੀ ਵੀ ਬੱਚਤ ਹੋਈ ਹੈ।

### ਕਿਸਾਨਾਂ ਨਾਲ ਮੰਜੇ 'ਤੇ ਬੈਠ ਕੇ ਖਾਧੀ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ

ਕੇਂਦਰੀ ਖੇਤੀਬਾੜੀ ਮੰਤਰੀ ਨੇ ਆਪਣੇ ਇਕ ਰੋਜ਼ਾ ਦੌਰੇ ਦੀ ਸ਼ੁਰੂਆਤ ਸਥਾਨਕ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਨ ਨਾਲ ਕੀਤੀ ਅਤੇ ਫਿਰ ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਖੇਤੀ ਅਭਿਆਸਾਂ ਦੀ ਸਮੀਖਿਆ ਕਰਨ ਲਈ ਖੇਤਾਂ ਵੱਲ ਗਏ। ਜਿਥੇ ਉਨ੍ਹਾਂ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਸਿੱਧੀ ਬਿਜਾਈ, ਖਾਦਾਂ ਦੀ ਘੱਟ ਵਰਤੋਂ ਅਤੇ ਪਰਾਲੀ ਪ੍ਰਬੰਧਨ ਦੇ ਤਰੀਕਿਆਂ ਨੂੰ ਸਮਝਿਆ। ਇਸ ਮੌਕੇ ਉਨ੍ਹਾਂ ਨੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੱਤਾ ਜਿਸ ਵਿਚ ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ 83 ਫ਼ੀਸਦੀ ਦੀ ਗਿਰਾਵਟ ਦਰਸਾਈ ਗਈ ਹੈ ਅਤੇ ਦੇਸ਼ ਭਰ ਦੇ ਕਿਸਾਨਾਂ ਨੂੰ ਸੂਬੇ ਦੀ ਮਿਸਾਲ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਪੰਜਾਬ ਨੂੰ ਸ਼ਾਨਦਾਰ ਦੱਸਦਿਆਂ ਕਿਹਾ ਕਿ ਇੱਥੋਂ ਦੀ ਪੰਚਾਇਤ 'ਚ ਜਨਤਕ

(ਬਾਕੀ ਸਫ਼ਾ 2 ਕਾਲਮ 1)



ਮੁੱਖ ਮੰਤਰੀ ਭਗਵੰਤ ਮਾਨ ਫ਼ਤਹਿਗੜ੍ਹ ਸਾਹਿਬ ਤਹਿਸੀਲ ਵਿਖੇ 'ਈਜ਼ੀ ਰਜਿਸਟਰੀ' ਦੀ ਸ਼ੁਰੂਆਤ ਕਰਨ ਮੌਕੇ। ਤਸਵੀਰ : ਕਰਨ

## 'ਈਜ਼ੀ ਰਜਿਸਟਰੀ' ਦੀ ਵਿਵਸਥਾ ਲਾਗੂ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣਿਆ

### ਮੁੱਖ ਮੰਤਰੀ ਨੇ ਫ਼ਤਹਿਗੜ੍ਹ ਸਾਹਿਬ ਤਹਿਸੀਲ ਤੋਂ ਕੀਤੀ ਸ਼ੁਰੂਆਤ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਮਨਪ੍ਰੀਤ ਸਿੰਘ, ਰਾਜਿੰਦਰ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਕ ਹੋਰ ਪਹਿਲਕਦਮੀ ਕਰਦਿਆਂ ਸੂਬੇ ਦੇ ਲੋਕਾਂ ਦੀ ਸਹੂਲਤ ਲਈ ਜ਼ਮੀਨ-ਜਾਇਦਾਦ ਲਈ 'ਈਜ਼ੀ ਰਜਿਸਟਰੀ' (ਸੁਖਾਲੀ ਵਿਵਸਥਾ) ਨੂੰ ਲਾਗੂ ਕਰ ਦਿੱਤਾ ਹੈ ਅਤੇ ਮੁੱਖ ਮੰਤਰੀ ਨੇ ਫ਼ਤਹਿਗੜ੍ਹ ਸਾਹਿਬ ਤਹਿਸੀਲ ਵਿਖੇ ਈਜ਼ੀ ਰਜਿਸਟਰੀ ਦੀ ਸ਼ੁਰੂਆਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇਸ ਇਤਿਹਾਸਕ ਪਹਿਲਕਦਮੀ ਦੀ ਸ਼ੁਰੂਆਤ ਦੇ ਗਵਾਹ ਬਣਨ ਵਾਲੇ ਸਾਰੇ ਲੋਕਾਂ ਦਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਦਹਾਕਿਆਂ ਤੋਂ ਜ਼ਮੀਨ-ਜਾਇਦਾਦ ਦੀ ਰਜਿਸਟ੍ਰੇਸ਼ਨ ਨੂੰ ਗੁੰਝਲਦਾਰ ਅਤੇ ਸਮਾਂ ਬਰਬਾਦ ਕਰਨ ਵਾਲੀ ਪ੍ਰਕਿਰਿਆ ਮੰਨਿਆ ਜਾਂਦਾ ਰਿਹਾ ਹੈ, ਜਿਸ ਲਈ ਅਕਸਰ ਸਬ-ਰਜਿਸਟਰਾਰ ਦਫ਼ਤਰਾਂ ਵਿਚ ਵਾਰ-ਵਾਰ ਗੇੜੇ ਲਾ ਕੇ ਖੱਜਲ ਖ਼ੁਆਰ ਹੋਣਾ ਪੈਂਦਾ ਸੀ ਅਤੇ ਦੇਰੀ ਤੇ ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਹੁਣ 'ਸੁਖਾਲੀ ਰਜਿਸਟਰੀ' ਦੀ ਵਿਵਸਥਾ ਲਾਗੂ ਹੋ ਜਾਣ ਨਾਲ ਇਕ ਜ਼ਿਲ੍ਹੇ ਦੇ ਅੰਦਰ ਕੋਈ ਵੀ ਸਬ-ਰਜਿਸਟਰਾਰ ਦਫ਼ਤਰ, ਉਸ ਜ਼ਿਲ੍ਹੇ ਦੇ ਕਿਸੇ ਵੀ ਹੋਰ ਇਲਾਕੇ ਵਿਚ ਪੈਂਦੀ ਜਾਇਦਾਦਾਂ ਨੂੰ ਰਜਿਸਟਰ ਕਰਨ ਦੇ ਯੋਗ ਹੋਵੇਗਾ।

(ਬਾਕੀ ਸਫ਼ਾ 2 ਕਾਲਮ 7)

## ਈ.ਡੀ. ਵਲੋਂ ਮੈਡੀਕਲ ਕਾਲਜਾਂ ਦੀ ਜਾਂਚ ਨਾਲ ਜੁੜੇ ਮਾਮਲੇ 'ਚ 10 ਸੂਬਿਆਂ 'ਚ 15 ਥਾਵਾਂ 'ਤੇ ਛਾਪੇਮਾਰੀ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਈ.ਡੀ. ਨੇ ਮੈਡੀਕਲ ਕਾਲਜਾਂ 'ਚ ਰਿਸ਼ਵਤਖੋਰੀ ਦੇ ਮਾਮਲੇ 'ਚ ਵੱਡੀ ਕਾਰਵਾਈ ਕਰਦਿਆਂ ਇਕੱਠੇ 10 ਰਾਜਾਂ ਦੇ 15 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ। ਇਹ ਛਾਪੇਮਾਰੀ ਰਾਜਧਾਨੀ ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਗੁਰਜਾਤ, ਛੱਤੀਸਗੜ੍ਹ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ 'ਚ ਕੀਤੀ ਗਈ। ਸੀ.ਬੀ.ਆਈ. ਦੀ ਐਫ.ਆਈ.ਆਰ. ਦੇ ਆਧਾਰ 'ਤੇ ਦੋਸ਼ੀ ਬਣਾਏ ਗਏ ਲੋਕਾਂ ਦੇ ਟਿਕਾਣਿਆਂ 'ਤੇ ਵੀ ਛਾਪੇਮਾਰੀ ਕੀਤੀ ਗਈ। ਜਾਂਚ ਏਜੰਸੀਆਂ ਵਲੋਂ 7 ਮੈਡੀਕਲ ਕਾਲਜਾਂ ਤੇ ਦੋਸ਼ੀਆਂ ਨਾਲ ਜੁੜੀਆਂ ਸੰਸਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਸੀ.ਬੀ.ਆਈ. ਨੇ 30 ਜੂਨ, 2025 ਨੂੰ ਦਰਜ ਕੀਤੀ ਐਫ. ਆਈ. ਆਰ. 'ਚ ਦੋਸ਼ ਲਗਾਇਆ ਸੀ ਕਿ ਮੈਡੀਕਲ ਕਾਲਜਾਂ ਦੀ ਜਾਂਚ ਨਾਲ ਜੁੜੀ ਗੁਪਤ ਜਾਣਕਾਰੀ ਲੀਕ ਕਰਵਾਉਣ ਲਈ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਗਈ ਸੀ।

## ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ 'ਚ ਸ਼ੇਖ ਹਸੀਨਾ ਨੂੰ 21 ਸਾਲ ਦੀ ਕੈਦ

ਢਾਕਾ, 27 ਨਵੰਬਰ (ਪੀ. ਟੀ. ਆਈ.)-ਬੰਗਲਾਦੇਸ਼ ਦੀ ਇਕ ਅਦਾਲਤ ਨੇ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸਰਕਾਰੀ ਹਾਊਸਿੰਗ ਪ੍ਰੋਜੈਕਟ ਦੇ ਤਹਿਤ ਪਲਾਟ ਵੰਡਣ 'ਚ ਕਥਿਤ ਬੇਨਿਯਮੀਆਂ ਦੇ ਲਈ 21 ਸਾਲਾਂ ਦੀ ਜੇਲ੍ਹ ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਪੰਜ-ਪੰਜ ਸਾਲ ਜੇਲ੍ਹ ਦੀ ਸਜ਼ਾ ਸੁਣਾਈ। ਇਹ ਸਜ਼ਾ ਉਨ੍ਹਾਂ ਦੀ ਗੈਰ ਮੌਜੂਦਗੀ 'ਚ ਚੱਲੀ ਸੁਣਵਾਈ ਤੋਂ ਬਾਅਦ ਸੁਣਾਈ ਗਈ। ਢਾਕਾ ਦੀ ਵਿਸ਼ੇਸ਼ ਜੱਜ ਦੀ ਅਦਾਲਤ ਨੇ 78 ਸਾਲਾਂ ਦੀ ਹਸੀਨਾ, ਉਨ੍ਹਾਂ ਦੇ ਬੇਟੇ ਸਾਜਿਬ ਵਾਜਿਦ ਜੋਏ ਅਤੇ ਬੇਟੀ ਸਾਇਮਾ ਵਾਜਿਦ ਪੁਤੁਲ ਨੂੰ ਰਾਜਧਾਨੀ ਨਾਲ ਲੱਗਦੇ ਪੁਰਬਾਚਲ 'ਚ ਸਰਕਾਰੀ ਹਾਊਸਿੰਗ ਪ੍ਰੋਜੈਕਟ 'ਚ ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ 'ਚ ਸੁਣਾਈ। ਵਿਸ਼ੇਸ਼ ਅਦਾਲਤ ਨੇ ਹਸੀਨਾ ਨੂੰ ਕਥਿਤ ਵੰਡ ਨਾਲ ਜੁੜੇ ਤਿੰਨ ਮਾਮਲਿਆਂ 'ਚ ਸੱਤ-ਸੱਤ ਸਾਲਾਂ ਦੀ ਸਜ਼ਾ ਸੁਣਾਈ ਹੈ, ਮਤਲਬ ਕਿ ਕੁੱਲ 21 ਸਾਲਾ ਜੇਲ੍ਹ। ਹਸੀਨਾ ਪਰਿਵਾਰ ਦੇ ਇਲਾਵਾ, ਹਾਊਸਿੰਗ ਦੇ ਸਾਬਕਾ ਜੂਨੀਅਰ ਮਨਿਸਟਰ ਸ਼ਰੀਫ ਅਹਿਮਦ ਅਤੇ ਹਾਊਸਿੰਗ ਮਨਿਸਟਰੀ ਅਤੇ ਰਾਜਧਾਨੀ ਉਨਿਅਨ ਕਾਰਤੀਪੱਕਾਹ ਦੇ ਅਧਿਕਾਰੀਆਂ ਦੇ ਸਮੇਤ 20 ਹੋਰ ਲੋਕਾਂ 'ਤੇ ਇਸ ਮਾਮਲੇ 'ਚ ਮੁਕੱਦਮਾ ਚੱਲਿਆ ਅਤੇ ਇਕ ਨੂੰ ਛੱਡ ਕੇ, ਸਾਰਿਆਂ ਨੂੰ ਵੱਖ-ਵੱਖ ਜੇਲ੍ਹ ਦੀ ਸਜ਼ਾ ਸੁਣਾਈ ਗਈ।



## ਆਰ.ਐਸ.ਐਸ. ਆਗੂ ਦੇ ਬੇਟੇ ਦਾ ਮੁੱਖ ਕਾਤਲ ਪੁਲਿਸ ਮੁਕਾਬਲੇ 'ਚ ਹਲਾਕ

### • ਇਕ ਹੌਲਦਾਰ ਜ਼ਖ਼ਮੀ • ਫ਼ਰਾਰ ਦੋਸ਼ੀਆਂ ਦੀ ਜਲਦ ਹੋਵੇਗੀ ਗ੍ਰਿਫ਼ਤਾਰੀ-ਅਧਿਕਾਰੀ

ਫ਼ਿਰੋਜ਼ਪੁਰ/ਫ਼ਾਜ਼ਿਲਕਾ, 27 ਨਵੰਬਰ (ਦਵਿੰਦਰ ਪਾਲ ਸਿੰਘ)-ਆਰ.ਐਸ.ਐਸ. ਆਗੂ ਬਲਦੇਵ ਅਰੋੜਾ ਦੇ ਬੇਟੇ ਨਵੀਨ ਅਰੋੜਾ ਦੀ ਹੱਤਿਆ ਮਾਮਲੇ 'ਚ ਤੜਕਸਾਰ ਪੁਲਿਸ ਤੇ ਬਦਮਾਸ਼ਾਂ ਦੇ ਵਿਚਕਾਰ ਹੋਈ ਗੋਲੀਬਾਰੀ 'ਚ ਕਤਲ ਕਾਂਡ ਦਾ ਮੁੱਖ ਦੋਸ਼ੀ ਬਾਦਲ ਮਾਰਿਆ ਗਿਆ ਤੇ ਉਸ ਦੇ 2 ਸਾਥੀ ਪੁਲਿਸ ਨੂੰ ਚਕਮਾ ਦੇ ਕੇ ਭੱਜਣ 'ਚ ਸਫਲ ਹੋ ਗਏ। 15 ਨਵੰਬਰ ਨੂੰ ਫ਼ਿਰੋਜ਼ਪੁਰ 'ਚ ਨਵੀਨ ਅਰੋੜਾ ਦੀ ਬਾਜ਼ਾਰ ਅੰਦਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤੋਂ ਪੰਜਾਬ ਭਰ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਤਹਿਤ ਬਾਦਲ ਪੁੱਤਰ ਕ੍ਰਿਸ਼ਨ ਵਾਸੀ ਭੱਟੀਆਂ ਮੁਹੱਲਾ, ਫ਼ਿਰੋਜ਼ਪੁਰ ਨੂੰ, ਉਸ ਦੇ ਹੋਰ ਤਿੰਨ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਸੀ। ਐਸ.ਐਸ.ਪੀ. ਫ਼ਿਰੋਜ਼ਪੁਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰੀ ਤੋਂ ਬਾਅਦ ਕਥਿਤ ਦੋਸ਼ੀਆਂ ਨੇ ਮੰਨਿਆ ਕਿ ਨਵੀਨ ਦੇ ਕਤਲ ਤੋਂ ਬਾਅਦ ਉਨ੍ਹਾਂ ਨੇ ਜੋ ਹਥਿਆਰਾਂ ਦੀ ਵਰਤੋਂ ਕੀਤੀ ਸੀ ਉਸ ਨੂੰ ਜਲਾਲਾਬਾਦ ਨੇੜੇ ਪਿੰਡ ਮਾਹਮੂ ਜੋਈਆ ਨਜ਼ਦੀਕ ਲੁਕਾ ਕੇ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਤੜਕਸਾਰ ਪੁਲਿਸ ਪਾਰਟੀ ਜਦ ਹਥਿਆਰਾਂ ਦੀ ਬਰਾਮਦਗੀ ਲਈ ਕਥਿਤ ਮੁੱਖ ਦੋਸ਼ੀ ਬਾਦਲ ਨੂੰ ਨਿਸ਼ਾਨਦੇਹੀ ਵਾਲੀ ਜਗ੍ਹਾ 'ਤੇ ਲੈ ਕੇ ਗਈ ਤਾਂ ਮੌਕੇ 'ਤੇ ਪਹਿਲਾਂ ਤੋਂ ਖੜ੍ਹੇ ਉਸ ਦੇ 2 ਸਾਥੀਆਂ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕਰ

(ਬਾਕੀ ਸਫ਼ਾ 2 ਕਾਲਮ 2)

## ਨਿਪਾਲ ਨੇ ਕਾਲਾਪਾਣੀ, ਲਿਪੁਲੇਖ ਤੇ ਲਿੰਪੀਆਧੁਰਾ ਦੇ ਨਕਸ਼ੇ ਵਾਲੇ 100 ਰੁਪਏ ਦੇ ਨੋਟ ਜਾਰੀ ਕੀਤੇ



ਕਾਠਮੰਡੂ, 27 ਨਵੰਬਰ (ਪੀ.ਟੀ.ਆਈ.)-ਨਿਪਾਲ ਦੇ ਸੈਂਟਰਲ ਬੈਂਕ ਨੇ ਵੀਰਵਾਰ ਨੂੰ 100 ਰੁਪਏ ਦੇ ਨੋਟ ਜਾਰੀ ਕੀਤੇ, ਜਿੰਨ੍ਹਾਂ 'ਚ ਇਕ ਬਦਲਿਆ ਹੋਇਆ ਨਕਸ਼ਾ ਹੈ, ਜਿਸ ਵਿਚ ਕਾਲਾਪਾਣੀ, ਲਿਪੁਲੇਖ ਅਤੇ ਲਿੰਪੀਆਧੁਰਾ ਇਲਾਕੇ ਸ਼ਾਮਿਲ ਹਨ, ਇਹ ਉਹ ਇਲਾਕੇ ਹਨ ਜਿੰਨ੍ਹਾਂ ਨੂੰ ਭਾਰਤ ਆਪਣੇ ਮੰਨਦਾ ਹੈ। ਨਿਪਾਲ ਰਾਸ਼ਟਰ ਬੈਂਕ (ਐੱਨ ਆਰ ਬੀ) ਦੇ ਨਵੇਂ ਨੋਟ 'ਤੇ

(ਬਾਕੀ ਸਫ਼ਾ 2 ਕਾਲਮ 4)

## 1984 ਸਿੱਖ ਨਸਲਕੁਸ਼ੀ : ਦਿੱਲੀ ਹਾਈ ਕੋਰਟ ਨੇ ਬਲਵਾਨ ਖੋਖਰ ਦੇ ਮਾਮਲੇ 'ਚ ਜੇਲ੍ਹ ਪ੍ਰਸ਼ਾਸਨ ਤੋਂ ਮੰਗਿਆ ਜਵਾਬ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਦਿੱਲੀ ਹਾਈ ਕੋਰਟ ਨੇ 1984 ਸਿੱਖ ਨਸਲਕੁਸ਼ੀ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਸਾਬਕਾ ਕਾਂਗਰਸ ਕੌਂਸਲਰ ਬਲਵਾਨ ਖੋਖਰ ਦੀ ਫਰਲੋ ਪਟੀਸ਼ਨ 'ਤੇ ਦਿੱਲੀ ਸਰਕਾਰ ਨੂੰ ਜਵਾਬ ਦੇਣ ਲਈ ਹੋਰ ਸਮਾਂ ਦਿੱਤਾ ਹੈ। ਜਸਟਿਸ ਰਵਿੰਦਰ ਡੁਡੇਜਾ ਦੇ ਬੈਚ ਨੇ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਇਸ ਮਾਮਲੇ 'ਚ 5 ਦਸੰਬਰ ਤੱਕ ਆਪਣੀ ਸਥਿਤੀ ਰਿਪੋਰਟ ਅਤੇ ਜਵਾਬ ਦਾਖ਼ਲ ਕਰਵਾਉਣ ਨੂੰ ਕਿਹਾ। ਅਦਾਲਤ ਨੇ ਖੋਖਰ ਦੀ ਉਸ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ 'ਚ ਉਸਨੇ ਸੁਣਵਾਈ 4 ਫਰਵਰੀ, 2026 ਤੋਂ

(ਬਾਕੀ ਸਫ਼ਾ 2 ਕਾਲਮ 4)

## 'ਆਪ੍ਰੇਸ਼ਨ ਸੰਧੂਰ' ਰਾਹੀਂ ਦੁਨੀਆ ਨੇ ਦੇਖੀ ਭਾਰਤ ਦੀ ਤਾਕਤ-ਰਾਸ਼ਟਰਪਤੀ ਮੁਰਮੂ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਦਿੱਲੀ ਦੇ ਮਾਨੇਕਸ਼ਾ ਸੈਂਟਰ 'ਚ ਭਾਰਤੀ ਫ਼ੌਜ ਅਤੇ ਭੂਮੀ ਯੁੱਧ ਅਧਿਐਨ ਕੇਂਦਰ ਵਲੋਂ ਕਰਵਾਏ ਗਏ 'ਚਾਣਕਯ ਡਿਫੈਂਸ ਡਾਇਲਾਗਸ-2025' ਦੇ ਤੀਜੇ ਅੰਕ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਆਪ੍ਰੇਸ਼ਨ ਸੰਧੂਰ ਨੂੰ ਭਾਰਤ ਦੇ ਫ਼ੌਜੀ ਇਤਿਹਾਸ ਦਾ ਇਕ ਨਤੀਜਾਕੁੰਨ ਕਦਮ ਕਰਾਰ ਦਿੱਤਾ ਅਤੇ ਇਸ ਨੂੰ ਅੱਤਵਾਦ ਨਾਲ ਲੜਣ ਅਤੇ ਰੋਕਣ ਦੀ ਰਣਨੀਤੀ ਦੀ ਨਵੀਂ ਦਿਸ਼ਾ ਕਰਾਰ ਦਿੱਤਾ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਆਪ੍ਰੇਸ਼ਨ ਸੰਧੂਰ ਨੇ ਨਾ ਸਿਰਫ ਸਾਡੀ ਅੱਤਵਾਦ 'ਤੇ ਕਾਬੂ ਪਾਉਣ ਦੀ ਰਣਨੀਤੀ ਨੂੰ ਮਜ਼ਬੂਤ ਕੀਤਾ ਸਗੋਂ ਭਾਰਤ ਦੀ ਫ਼ੌਜੀ ਸਮਰੱਥਾ ਅਤੇ ਨੈਤਿਕ ਮਜ਼ਬੂਤੀ ਨੂੰ ਵੀ ਆਲਮੀ ਪੱਧਰ 'ਤੇ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆ ਨੇ ਵੇਖ ਲਿਆ ਕਿ ਭਾਰਤ ਸ਼ਾਂਤੀ ਦਾ ਪੱਖ ਲੈਂਦਾ ਹੈ, ਪਰ ਲੋੜ ਪੈਣ 'ਤੇ ਉਹ ਮਜ਼ਬੂਤੀ ਤੇ ਜ਼ਿੰਮੇਵਾਰੀ ਨਾਲ ਫੈਸਲਾਕੁੰਨ ਕਾਰਵਾਈ ਕਰਨ 'ਚ ਪੂਰੀ ਤਰ੍ਹਾਂ ਸਮਰੱਥ ਹੈ।

## ਭਾਰਤ ਦਾ ਪਹਿਲਾ ਨਿੱਜੀ ਆਰਬਿਟਲ ਰਾਕਟ ਤਿਆਰ

### 300 ਕਿੱਲੋ ਤੱਕ ਦੇ ਉਪਗ੍ਰਹਿ ਨੂੰ ਪੁਲਾੜ 'ਚ ਲਿਜਾਣ ਦੇ ਹੈ ਸਮਰੱਥ

### ਮੋਦੀ ਨੇ ਵੀਡੀਓ ਕਾਨਫ਼ਰੰਸਿੰਗ ਰਾਹੀਂ ਕੀਤਾ ਉਦਘਾਟਨ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਭਾਰਤ ਦੇ ਨਿੱਜੀ ਪੁਲਾੜ ਸੈਕਟਰ ਨੂੰ ਵੱਡਾ ਹੁਲਾਰਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਸਕਾਈਰੂਟ ਏਅਰੋਸਪੇਸ ਦੇ ਹਾਈਟੈਕ ਇਨਫਿਨਿਟੀ ਕੈਂਪਸ ਦਾ ਉਦਘਾਟਨ ਕੀਤਾ ਅਤੇ ਨਾਲ ਹੀ ਭਾਰਤ ਦੇ ਪਹਿਲੇ ਨਿੱਜੀ ਆਰਬਿਟਲ ਰਾਕੇਟ ਵਿਕਰਮ 1 ਨੂੰ ਵੀ ਦੁਨੀਆ ਅੱਗੇ ਪੇਸ਼ ਕੀਤਾ। ਇਸ ਰਾਕੇਟ ਨੂੰ 2026 'ਚ ਲਾਂਚ ਕੀਤਾ ਜਾਵੇਗਾ। ਇਸ ਰਾਕੇਟ 'ਚ 300 ਕਿੱਲੋ ਤੱਕ ਦੇ ਉਪਗ੍ਰਹਿਆਂ ਨੂੰ ਸਫ਼ਲਤਾਪੂਰਵਕ ਸਥਾਪਿਤ ਕਰਨ ਦੀ ਸਮਰੱਥਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦਘਾਟਨ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਭਾਰਤ ਪੁਲਾੜ ਖੇਤਰ ਦੇ ਨਿੱਜੀ ਸੈਕਟਰ 'ਚ ਵੱਡੀ ਉਡਾਣ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਪ੍ਰੋਗਰਾਮ ਇਸ ਗੱਲ ਦੀ ਝਲਕ ਹੈ ਕਿ ਆਉਣ ਵਾਲੇ ਸਮੇਂ 'ਚ ਭਾਰਤ ਆਲਮੀ ਰਾਕੇਟ ਖੇਤਰ 'ਚ ਲੀਡਰ ਬਣ ਕੇ ਉੱਭਰੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸਰੋ ਨੇ ਦਹਾਕਿਆਂ ਤੱਕ ਭਾਰਤ ਦੀ ਪੁਲਾੜ ਯਾਤਰਾ ਨੂੰ ਉਡਾਣ ਦਿੱਤੀ ਹੈ। ਬਦਲਦੇ ਸਮੇਂ 'ਚ ਪੁਲਾੜ ਸੈਕਟਰ ਦਾ ਵਿਸਥਾਰ ਹੋ ਰਿਹਾ ਹੈ। ਇਸ ਲਈ ਹੀ ਅਸੀਂ ਭਾਰਤ ਦੇ ਪੁਲਾੜ ਸੈਕਟਰ 'ਚ ਇਤਿਹਾਸਕ ਸੁਧਾਰ ਕੀਤੇ ਹਨ। ਪੁਲਾੜ ਸੈਕਟਰ ਨੂੰ ਨਿੱਜੀ ਪਹਿਲਕਦਮੀ ਲਈ ਖੋਲ੍ਹਿਆ ਹੈ। ਨਵੀਂ ਪੁਲਾੜ ਨੀਤੀ ਤਿਆਰ ਕਰਕੇ ਸਟਾਰਟਅਪ ਨੂੰ ਨਾਲ ਜੋੜਣ ਦੀ ਕੋਸ਼ਿਸ਼ ਕੀਤੀ। ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਜੁੜਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਅੱਜ ਇਹ ਜੈੱਨ-ਜ਼ੀ-ਇੰਜੀਨੀਅਰ, ਵਿਗਿਆਨੀ, ਨਵੀਂ ਤਕਨਾਲੋਜੀ ਬਣਾ ਰਹੇ ਹਨ, ਕੁਝ ਸਾਲ ਪਹਿਲਾਂ ਇਸਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਭਾਰਤ 'ਚ 300 ਤੋਂ ਵੱਧ ਪੁਲਾੜ ਸਟਾਰਟਅਪ ਚੱਲ ਰਹੇ ਹਨ। ਇਨ੍ਹਾਂ 'ਚ ਖ਼ਾਸੀਅਤ ਇਹ ਹੈ ਕਿ ਸਾਡੇ ਜ਼ਿਆਦਾਤਰ ਸਟਾਰਟਅਪਾਂ ਦੀ ਸ਼ੁਰੂਆਤ ਬਹੁਤ ਛੋਟੇ ਤੋਂ ਹੋਈ ਹੈ। ਕਦੇ ਦੋ ਲੋਕ, ਕਦੇ ਪੰਜ, ਕਦੇ ਇਕ ਕਿਰਾਏ ਦਾ ਕਮਰਾ, ਪਰ ਹੌਸਲੇ ਬੁਲੰਦੀ ਛੂਹਣ ਦੇ ਰਹੇ।



ਵੀਡੀਓ ਕਾਨਫ਼ਰੰਸਿੰਗ ਜ਼ਰੀਏ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।


